ਗੁਰੂ ਨਾਨਕ – ਸਬਦ ੪੬

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੬

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥
ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥
ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥
ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥
ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥

ਸਾਰ: ਬ੍ਰਹਿਮੰਡ ਇੱਕ ਅਧਿਆਤਮਿਕ ਏਕਤਾ ਹੈ ਜਿੱਥੇ ਇੱਕ ਅੰਤਰੀਵ ਊਰਜਾ ਹਰ ਰਚਨਾ ਵਿੱਚ ਵਸੀ ਹੋਈ ਹੈ, ਜੋ ਉਸਾਰੂ ਅਤੇ ਢਾਹੂ ਅਨੁਭਵਾਂ ਨੂੰ ਜਨਮ ਦਿੰਦੀ ਹੈ। ਇਹ ਵਿਰੋਧੀ ਅਨੁਭਵ ਕੀਮਤੀ ਸਬਕਾਂ ਦਾ ਸਰੋਤ ਬਣਦੇ ਹਨ ਜੋ ਸਾਡੀ ਸਮਝ ਨੂੰ ਆਕਾਰ ਦਿੰਦੇ ਹਨ। ਜਿਸ ਤੋਂ ਖੁਲਾਸਾ ਹੁੰਦਾ ਹੈ ਕਿ ਬਿਬੇਕ ਕੁਦਰਤ ਅੰਦਰ ਵਿਦਮਾਨ ਹੈ। ਕੁਦਰਤ ਵਿੱਚਲੀ ਅੰਤਰ ਸੰਬੰਧਿਤ ਸਦੀਵੀ ਸੱਚਾਈ ਨੂੰ ਅਪਣਾਉਣ ਨਾਲ, ਸ਼ਾਂਤੀ ਪ੍ਰਾਪਤ ਹੁੰਦੀ ਹੈ, ਅਤੇ ਸਹੀ ਢੰਗ ਨਾਲ ਸਨਮਾਨ ਵੀ ਮਿਲਦਾ ਹੈ।

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥

ਢਾਹੂਪੁਣੇ ਦੀ ਮਨਮੋਹਕ ਰੰਗਤ ਸਰਵ ਵਿਆਪਕ, ਅਣਡਿਠ ਚੇਤਨਾ ਦਾ ਪ੍ਰਗਟਾਵਾ ਹੈ।

ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਨਸ਼ੇ ਵਿੱਚ ਗਲਤਾਨ ਮਨ ਇਹ ਭੁੱਲ ਜਾਂਦਾ ਹੈ ਕਿ ਸਭ ਕੁਝ ਨਾਸ਼ਵਾਨ ਹੈ ਅਤੇ ਅਸਥਾਈ ਸੁੱਖਾਂ ਵਿੱਚ ਰੁੱਝ ਜਾਂਦਾ ਹੈ ਜੋ ਪਲ ਭਰ ਦੀ ਖੁਸ਼ੀ ਦਿੰਦੇ ਹਨ।

ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥
ਜੋ ਲੋਕ ਅਸਥਿਰਤਾ ਦੀ ਸੱਚਾਈ ਨੂੰ ਸਮਝਦੇ ਹਨ, ਉਹ ਬਿਬੇਕ ਨੂੰ ਧਾਰਨ ਕਰਦੇ ਹਨ ਅਤੇ ਉਸਾਰੂ ਪੁਣੇ 'ਤੇ ਧਿਆਨ ਕੇਂਦਰਿਤ ਕਰਦੇ ਹਨ।

ਨਾਨਕ ਸਾਚੇ ਕਉ ਸਚੁ ਜਾਣੁ ॥
ਨਾਨਕ ਪਸਰੀ ਅਣਡਿਠ ਚੇਤਨਾ ਦੀ ਸਰਬ-ਵਿਆਪਕਤਾ ਨੂੰ ਸਦੀਵੀ ਸੱਚ ਵਜੋਂ ਪਛਾਣਨ ਦੀ ਕੋਸ਼ਿਸ ਕਰਨ ਦੀ ਸਲਾਹ ਦਿੰਦੇ ਹਨ।

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਜੋ ਇਸ ਅਸਲੀਅਤ ਨੂੰ ਸਵੀਕਾਰਦੇ ਹਨ, ਉਹ ਸ਼ਾਂਤੀ ਪ੍ਰਾਪਤ ਕਰਦੇ ਹਨ, ਅਤੇ ਏਕਤਾ ਦੇ ਇਸ ਖੰਡ ਵਿੱਚ, ਉਹ ਸਨਮਾਨ ਪ੍ਰਾਪਤੀ ਦੇ ਰਾਹ ਤੁਰਦੇ ਹਨ। (੧)(ਠਹਿਰਾਉ)

ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥
ਰੂਹਾਨੀਅਤ, ਪ੍ਰਤੀਕ ਰੂਪ ਵਿੱਚ, ਨਸ਼ੇ ਦਾ ਇੱਕ ਵਿਲੱਖਣ ਸੋਮਾ ਹੈ ਜੋ ਸੰਸਾਰਿਕ ਸੁੱਖਾਂ ਤੋਂ ਨਹੀਂ ਬਲਕਿ ਸੱਚ ਨੂੰ ਵਿਚਾਰਨ ਤੋਂ ਮਿਲਦਾ ਹੈ।

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਜੋ ਸਹੀ ਮਾਇਨੇ ਵਿਚ ਏਕਤਾ ਦੇ ਸੰਕਲਪ ਨੂੰ ਸਮਝਦੇ ਅਤੇ ਰੂਪਮਾਨ ਕਰਦੇ ਹਨ ਉਹ ਸਤਿਕਾਰ ਦੇ ਹੱਕਦਾਰ ਹਨ।

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥

ਪ੍ਰਤੀਕ ਰੂਪ ਵਿਚ, ਉਸ ਮਨ ਨੂੰ ਰੂਹਾਨੀਅਤ ਦੇ ਨਸ਼ੇ ਵਿੱਚ ਮਦਹੋਸ਼ ਸਮਝੋ, ਜਿਸ ਨੇ ਆਪਣੇ ਅੰਦਰ ਸਰਬ-ਵਿਆਪਕ ਅਣਡਿਠ ਚੇਤਨਾ ਦੇ ਨਿਵਾਸ ਨੂੰ ਅਨੁਭਵ ਕੀਤਾ ਹੈ। (੨)

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥

ਸਚਾਈ ਦੇ ਪਾਣੀਆਂ ਵਿੱਚ ਇਸ਼ਨਾਨ ਕਰੋ ਅਤੇ ਸੱਚ ਦੀ ਸੁਗੰਧ ਸਰੀਰ ਉਪਰ ਮਲੋ।

ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥

ਅਜਿਹੇ ਗੁਣਾਂ ਨਾਲ ਜੀਵ ਵਿਚ ਸ਼ਾਂਤੀ ਪ੍ਰਫੁਲਿਤ ਹੁੰਦੀ ਹੈ। ਸ਼ਾਂਤੀ ਦਾ ਇਹ ਤੋਹਫ਼ਾ ਲੱਖਾਂ ਉਪਹਾਰਾਂ ਨਾਲੋਂ ਵੱਡਾ ਹੈ।

ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥

ਆਪਣੀ ਅੰਤਰੀਵੀ ਪੀੜ ਦਾ ਇਜ਼ਹਾਰ ਇੱਕ ਸਰਬ-ਵਿਆਪਕ ਅਣਡਿਠ ਚੇਤਨਾ ਸਾਹਮਣੇ ਕਰੋ, ਜੋ ਸਦੀਵੀ ਅਨੰਦ ਦਾ ਸਰੋਤ ਹੈ। (੩)

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥

ਮਨ ਨੂੰ ਸਾਰੇ ਪਾਸੇ ਪਸਰੀ ਊਰਜਾ ਦੀ ਸਰਬ-ਵਿਆਪਕਤਾ ਨੂੰ ਕਿਉਂ ਭੁੱਲਣਾ ਚਾਹੀਦਾ ਹੈ ਜੋ ਹੋਂਦ ਦੀ ਵਾਗਡੋਰ ਨੂੰ ਸੰਭਾਲਦੀ ਹੈ?

ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥

ਸਰਬ-ਵਿਆਪਕ ਅਣਡਿਠ ਚੇਤਨਾ ਤੋਂ ਇਲਾਵਾ, ਜੋ ਕਿ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ, ਹੋਂਦ ਦੀਆਂ ਕਿਰਿਆਵਾਂ ਅਪਵਿੱਤਰ ਹਨ।

ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥

ਹੋਰ ਸਾਰੇ ਸਿਧਾਂਤ ਝੂਠੇ ਹਨ; ਕੇਵਲ ਕੁਦਰਤ ਦਾ ਹੁਕਮ ਹੀ ਪ੍ਰਮਾਣਿਕ ਹੈ। (੪)(੫)

ਤੱਤ: ਗੁਰੂ ਨਾਨਕ ਦਾਅਵਾ ਕਰਦੇ ਹਨ ਕਿ ਕੁਦਰਤ ਦੇ ਹੁਕਮ ਦੇ ਤੁਲ ਸਾਰੇ ਸਿਧਾਂਤ ਅਤੇ ਧਾਰਨਾਵਾਂ ਅਰਥਹੀਨ ਹਨ। ਕੁਦਰਤ ਬਿਨਾਂ ਸ਼ੱਕ ਪ੍ਰਮਾਣਿਕ ਹੈ, ਬਿਬੇਕ ਦਾ ਰੂਪ ਹੈ, ਅਤੇ ਇੱਕ ਸ਼ਕਤੀਸ਼ਾਲੀ ਮਾਰਗਦਰਸ਼ਕ ਸਰੋਤ ਹੈ। ਜਦੋਂ ਅਸੀਂ ਕੁਦਰਤ ਦੇ ਵਹਿਣ ਅਤੇ ਹੁਕਮ ਵਿੱਚ ਦਖਲ ਨਹੀਂ ਦਿੰਦੇ, ਤਾਂ ਅਸੀਂ ਆਪਣੇ ਆਪ ਨੂੰ ਕੁਦਰਤੀ ਸੰਸਾਰ ਨਾਲ ਇਕਸੁਰ ਕਰ ਸਕਦੇ ਹਾਂ ਅਤੇ ਇਸ ਸੱਚ ਨੂੰ ਅਪਣਾ ਕੇ ਇਸਦੀ ਡੂੰਘੀ ਸੂਝ ਤੱਕ ਪਹੁੰਚ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**